بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.12 .2016

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਪਾਕਿਸਤਾਨੀ ਮੌਲਵੀ ਹੋਣ ਜਾਂ ਕੋਈ ਧਾਰਮਕ ਲੀਡੀਰ ਹੋਣ ਜਾਂ ਸੰਸਾਰਕ ਸ਼ਕਤੀਆਂ ਹੋਣ**

## ਰੱਬ ਨੇੜੇ ਇਹਨਾ ਦੀ ਕੋਈ ਸਥਿਤੀ (ਦਰਜਾ) ਨਹੀਂ ਹੈ

## ਇਹ ਲੋਕ ਕਦੇ ਵੀ ਅਹਮਦੀਅਤ ਦੀ ਤਰੱਕੀ ਵਿੱਚ ਰੋਕ ਨਹੀਂ ਬਣ ਸਕਦੇ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 09 ਦਸੰਬਰ 2016 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਜਿੰਨ੍ਹਾ ਅਖੱਾਂ'ਤੇ ਪਰਦੇ ਪਏ ਹੋਣ, ਜਿੰਨ੍ਹਾ ਨੇ ਇਹ ਨਿਰਣਾ ਕੀਤਾ ਹੋਵੇ ਕਿ ਅਸੀਂ ਨਹੀਂ ਮਨ੍ਹਣਾ, ਉਹਨਾਂ ਨੂੰ ਨ ਹੀ ਰੱਬ ਦਾ ਪੱਖ ਦਿਖਾਈ ਦਿੰਦਾ ਹੈ, ਨ ਹੀ ਚਮਤਕਾਰ ਦਿਖਾਈ ਦਿੰਦੇ ਹਨ ਅਤੇ ਨਬੀਆਂ ਦਾ ਇਨਕਾਰ ਕਰਨ ਵਾਲਿਆਂ ਦਾ ਹਮੇਸ਼ਾਂ ਹੀ ਇਹ ਤਰੀਕਾ ਰਿਹਾ ਹੈ ਕਿ ਚਮਤਕਾਰ ਦੇਖਕੇ ਵੀ ਇਹੋ ਕਹਿੰਦੇ ਹਨ ਕਿ ਸਾਨੂੰ ਚਮਾਤਕਾਰ ਦਿਖਾਓ । ਉਹਾਨਾਂ ਦੇ ਹਦੋਂ ਵੱਧ ਜਾਣ ਕਰਕੇ ਉਹਨਾਂ ਦੇ ਮਨਾਂ ਨੂੰ ਰੱਬ ਬੰਦ ਕਰ ਦਿੰਦਾ ਹੈ ਫਿਰ ਉਹ ਸਚੱਾਈ ਨਹੀਂ ਪ੍ਰਾਪਤ ਕਰ ਸਕਦੇ ਅਤੇ ਕਈ ਵਾਰ ਨਬੀ ਦੇ ਪੱਖ ਵਿੱਚ ਉਹਨਾਂ ਨੂੰ ਹੀ ਇਬਰਤ (ਚੇਤਾਵਨੀ) ਦਾ ਨਿਸ਼ਾਨ ਬਣਾ ਦਿੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਿਰੋਧੀ ਵੀ ਅਜਿਹੇ ਸਨ ਜਿੰਨ੍ਹਾ ਨੂੰ ਆਪਣੇ ਢੀਠਪੁਣੇ ਕਰਕੇ ਚਮਤਕਾਰ ਦੇਖਣ ਦੇ ਬਾਦ ਵੀ ਕੋਈ ਚਮਤਕਾਰ ਨਹੀਂ ਦਿਖਾਈ ਦਿੰਦਾ ਸੀ । ਉਧਾਰਣ ਲਈ ਸੂਰਜ ਚੰਨ੍ਹ ਦੇ ਗ੍ਰਹਿਣ ਦਾ ਚਮਤਕਾਰ ਹੈ । ਆਪ ਨੇ ਫ਼ਰਮਾਇਆ ਕਿ ਜੱਦ ਤੱਕ ਇਹ ਨਿਸ਼ਾਨ ਪੂਰਾ ਨਹੀਂ ਹੋਇਆ ਸੀ, ਮੌਲਵੀ ਲੋਕ ਜੋ ਸਨ, ਉਹ ਰੋ ਰੋ ਕੇ ਇਸ ਹਦੀਸ ਨੂੰ ਪੜ੍ਹਿਆ ਕਰਦੇ ਸਨ ਅਤੇ ਜੱਦ ਇਹ ਨਿਸ਼ਾਨ ਪੂਰਾ ਹੋਇਆ ਅਤੇ ਨ ਇਕ ਵਾਰ ਸਗੋਂ ਦੋ ਵਾਰ ਪੂਰਾ ਹੋਇਆ । ਪਹਿਲੀ ਵਾਰ ਇਸ ਦੇਸ਼ ਵਿੱਚ ਅਰਥਾਤ ਭਾਰਤ ਵਿੱਚ ਅਤੇ ਦੂਜੀ ਵਾਰ ਅਮਰੀਕਾ ਵਿੱਚ ਤਾਂ ਇਹੋ ਲੋਕ ਜੋ ਇਸ ਨਿਸ਼ਾਨ ਨੂੰ ਮੰਗਦੇ ਸਨ ਆਪ ਇਸ ਗੱਲ ਤੋਂ ਫਿਰ ਗਏ । ਜੱਦ ਇਹ ਨਿਸ਼ਾਨ ਪੂਰਾ ਹੋਇਆ ਤਾਂ ਇਕ ਗ਼ੁਲਾਮ ਮੁਰਤਜ਼ਾ ਨਾਮੀ ਮੌਲਵੀ ਨੇ ਚੰਨ੍ਹ ਗ੍ਰਹਿਣ ਸਮੇਂ ਆਪਣੇ ਪਟਾਂ'ਤੇ ਹੱਥ ਮਾਰਦਿਆਂ ਹੋਇਆਂ ਬਹੁਤ ਹੀ ਦੁੱਖ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਹੁਣ ਦੁਨੀਆ ਗੁੰਮਰਾਹ ਹੋ ਗਈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਇਹ ਖ਼ਿਆਲ ਕਰੋ ਕਿ ਕੀ ਉਹ ਰੱਬ ਤੋਂ

ਵੱਧ ਕੇ ਦੁਨੀਆ ਦਾ ਖ਼ੈਰ ਖ਼ਵਾਹ ਸੀ । ਇਸੇ ਪ੍ਰਕਾਰ ਹਜ਼ਰਤ ਮਸੀਹ ਮੌਊਦ ਅਲੈਹਿ ਸਮਲਾ ਦੇ ਪੱਖ ਵਿੱਚ ਤਾਊਨ (ਪਲੇਗ) ਦਾ ਨਿਸ਼ਾਨ (ਚਮਤਕਾਰ) ਵੀ ਹੈ । ਨਹਿਰਾਂ ਕੱਢੀਆਂ ਜਾਣ ਦੀ ਵੀ ਨਿਸ਼ਾਨੀ ਹੈ । ਕੁਰਆਨ ਕਰੀਮ ਦੀਆਂ ਭਵਿੱਖਬਾਣੀਆਂ ਹਨ । ਨਵੀਆਂ ਆਬਾਦੀਆਂ ਦੀ ਵੱਸੋਂ ਦੀਆਂ ਨਿਸ਼ਾਨੀਆਂ ਹਨ । ਪਹਾੜ ਚੀਰੇ ਜਾਣ ਦੇ ਨਿਸ਼ਾਨ ਹਨ । ਕਿਤਾਬਾਂ ਤੇ ਅਖ਼ਬਾਰਾਂ ਦੀ ਪ੍ਰਕਾਸ਼ਨਾ ਦੇ ਨਿਸ਼ਾਨ ਹਨ ਨਵੀਆਂ ਸਵਾਰੀਆਂ ਹਨ । ਭਾਵ ਬਹੁਤ ਸਾਰੀਆਂ ਨਿਸ਼ਾਨੀਆਂ ਹਨ ਜੋ ਆਪ ਜੀ ਨੇ ਵਰਨਣ ਕੀਤੀਆਂ ਜਿੰਨ੍ਹਾਂ ਦੀ ਖ਼ਬਰ ਕੁਰਆਨ ਕਰੀਮ ਵਿੱਚ ਵੀ ਹੈ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਅਹਿ ਵਸਲਮ ਨੇ ਵੀ ਦਿੱਤੀ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਲੋਕ ਨਿਸ਼ਾਨੀਆਂ ਤੇ ਰੱਬ ਦੇ ਪੱਖ ਨੂੰ ਦੇਖਦਿਆਂ ਹੋਇਆਂ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਉਪੱਰ ਛੋਟੇ ਛੋਟੇ ਮਖ਼ੌਲੀਆਂ ਇਤਰਾਜ ਕਰਦੇ ਹਨ । ਕਈਆਂ ਨੇ ਕਿਹਾ ਕਿ ਇਹਨਾਂ ਦੀ ਤਾਂ ਪਗੜੀ ਟੇਢੀ ਹੈ ਇਹ ਮਸੀਹ ਮੌਊਦ ਕਿਵੇਂ ਹੋ ਸਕਦੇ ਹਨ । ਆਪ ਨੇ ਅਨੇਕਾਂ ਮੋਜਜ਼ੇ (ਚਮਤਕਾਰ) ਦਿਖਾਏ ਪਰ ਅਜਿਹੇ ਲੋਕ ਆਏ ਜਿੰਨ੍ਹਾ ਨੇ ਕਿਹਾ ਕਿ ਇਹ ਤਾਂ 'ਕ' (ق) ਸਹੀ ਤਰੀਕੇ ਨਾਲ ਨਹੀਂ ਬੋਲ ਸਕਦੇ, ਇਹ ਕਿਵੇਂ ਮਸੀਹ ਮੌਊਦ ਹੋ ਸਕਦੇ ਹਨ । ਆਪ ਜੀ ਨੇ ਅਨੇਕਾਂ ਆਇਤਾਂ ਦਿਖਾਈਆਂ, ਪਰ ਅਜਿਹੇ ਲੋਕ ਆਏ ਜਿੰਨ੍ਹਾ ਨੇ ਕਿਹਾ ਕਿ ਇਹਨਾਂ ਨੇ ਪਤਨੀ ਲਈ ਗਹਿਣੇ ਬਣਾਏ ਹਨ, ਇਹ ਬਾਦਾਮ ਰੋਗ਼ਨ ਵਰਤਦੇ ਹਨ, ਇਹਨਾਂ ਨੂੰ ਅਸੀਂ ਕਿਵੇਂ ਮੰਨ ਸਕਦੇ ਹਾਂ । ਕਈ ਲੋਕ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕੋਲ ਆਣਕੇ ਕਹਿੰਦੇ ਕੋਈ ਨਿਸ਼ਾਨ ਦਿਖਾਉਣ ਤਾਂ ਆਪ ਫ਼ਰਮਾਉਂਦੇ, ਕੀ ਤੁਸੀਂ ਪਹਿਲੇ ਨਿਸ਼ਾਨਾ ਤੋਂ ਤੁਸੀਂ ਲਾਭ ਉਠਇਆ । ਜੱਦ ਪਹਿਲੇ ਹਜ਼ਾਰਾਂ ਨਿਸ਼ਾਨਾਂ ਤੋਂ ਤੁਸੀਂ ਕੋਈ ਲਾਭ ਨਹੀਂ ਉਠਾਇਆ, ਤੇ ਕਿਸੇ ਹੋਰ ਨਿਸ਼ਾਨ ਤੋਂ ਕਿਵੇਂ ਲਾਭ ਉਠਾਓਗੇ । ਫਿਰ ਅਜਿਹੇ ਲੋਕ ਹਮੇਸ਼ਾਂ ਹੀ ਵਾਂਜੇ ਰਹਿੰਦੇ ਹਨ । ਉਹਨਾਂ ਦੀ ਇਹੋ ਕਿਸਮਤ ਹੈ ਕਿ ਮਹਿਰੂਮ ਰਹਿਣ ।

ਇਕ ਅਜਿਹਾ ਜ਼ਬਰਦਸਤ ਨਿਸ਼ਾਨ ਜੋ ਪ੍ਰਤੀਦਿਨ ਪੂਰਾ ਹੁੰਦਾ ਹੈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, ਰੱਬ ਮੈਂਨੂੰ ਇਕ ਦੁਆ ਸਿਖਾਉਂਦਾ ਹੈ ਅਰਥਾਤ ਇਲਹਾਮ ਦੇ ਰੂਪ ਵਿੱਚ, ਫ਼ਰਮਾਉਂਦੇ ਹਨ ਕਿ : (رب لاتزرنی فرداً وانت خیر الوارثین) ਰੱਬਿ ਲਾ ਤਜ਼ਰਨੀ ਫ਼ਰਦਨ ਵ ਅੰਤਾ ਖ਼ੈਰੁਲ ਵਾਰਿਸੀਨ । ਅਰਥਾਤ ਮੈਂਨੂੰ ਇਕੱਲਿਆਂ ਨ ਛੱਡੋ ਇਕ ਜਮਾਤ ਬਣਾਦੇ, ਦੂਜੀ ਥਾਂ ਫ਼ਰਮਾਇਆ : (یأتیك من كل فج عمیق) ਯਾਤੀਕਾ ਮਿਨ ਕੁੱਲੇ ਫ਼ਜਿੱਨ ਅਮੀਕ' ਅਰਥਾਤ ਹਰ ਪਾਸਿਓਂ ਤੇਰੇ ਲਈ ਉਹ ਸਾਜ਼ੋ ਸਾਮਾਨ ਜੋ ਮਹਿਮਾਨਾਂ ਲਈ ਜ਼ਰੂਰੀ ਹੈ ਰੱਬ ਆਪੇ ਉਪਲਭਦ ਕਰਾ ਦੇਵੇਗਾ । (یأتون من كل فج عمیق) ਯਾਤੂਨਾ ਮਿਨ ਕੁੱਲਿ ਮਿਨ ਕੁਲਿ ਫ਼ਜਿੱਨ ਅਮੀਕ । ਅਤੇ ਹਰ ਇਕ ਮਾਰਗ ਤੋਂ ਤੇਰੇ ਕੋਲ ਆਉਣ ਗੇ ।

ਅਸੀਂ ਦੇਖਦੇ ਹਾਂ ਇਹ ਪੇਸਗੋਈ (ਭਵਿੱਖਬਾਣੀ) ਅੱਜ ਤੱਕ ਵੱਡੀ ਸ਼ਾਨ ਨਾਲ ਪੂਰੀ ਹੋ ਰਹੀ ਹੈ । ਆਪ ਦੀ ਜਮਾਤ ਦਾ ਪ੍ਰਤੀਦਿਨ ਵਧੱਣਾ, ਆਰਥਕ ਕੁਰਬਾਨੀਆਂ ਵਿੱਚ ਲੋਕਾਂ ਦਾ ਵਧੱਣਾ ਇਕ ਜ਼ਬਰਦਸਤ ਉਧਾਰਣ ਹੈ ਆਪ ਦੀ ਸਚੱਾਈ ਦੀ, ਅਤੇ ਇਕ ਨਿਸ਼ਾਨ (ਚਮਤਕਾਰ) ਹੈ, ਪਰ ਉਸ ਨੂੰ ਹੀ ਦਿਖਾਈ ਦਿੰਦਾ ਹੈ ਜਿਸ ਦੀ ਅੱਖ ਦੇਖਣ ਵਾਲੀ ਹੋਵੇ । ਅੰਨ੍ਹਿਆਂ ਨੂੰ ਦਿਖਾਈ ਨਹੀਂ ਦਿੰਦਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲਾਹ ਤਆਲਾ ਅਨਹੁ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਕਈ ਇਲਹਾਮਾ ਦੇ ਹਵਾਲਿਆਂ ਨਾਲ ਜੋ ਅਹਮਦੀਅਤ ਦੀ ਵਿਜੈ ਅਤੇ ਜਮਾਤ ਦੀ ਪ੍ਰਗਤੀ ਬਾਰੇ ਵਰਨਣ ਕੀਤੇ ਹਨ ਉਹਨਾਂ ਵਿੱਚੋਂ ਕੁਝ ਪੇਸ਼ ਕਰਦਾ ਹਾਂ । ਆਪ ਫ਼ਰਮਾਉਂਦੇ ਹਨ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਰੱਬ ਨੇ ਨਿਰੰਤਰ ਦੱਸਿਆ ਕਿ ਜਮਾਤ ਨੂੰ ਵੀ ਉਸੇ ਪ੍ਰਕਾਰ ਕੁਰਬਾਨੀਆਂ ਕਰਨੀਆਂ ਪੈਣਗੀਆਂ ਜਿਵੇਂ ਪਹਿਲੇ ਨਬੀਆਂ ਦੀਆਂ ਜਮਾਤਾਂ ਨੂੰ ਕਰਨੀਆਂ ਪਈਆਂ । ਇਕ ਵਾਰ ਹਜ਼ਰਤ ਮਸੀਰਹ ਮੌਊਦ ਅਲੈਹਿ ਸਲਾਮ ਨੇ ਇਕ ਸੁਪਨਾ ਵਿੱਚ ਦੇਖਿਆ ਕਿ ਮੈਂ ਨਜ਼ਾਮੁਦੀਨ ਦੇ ਘਰ

ਦਾਖਲ ਹੋਇਆ ਹਾਂ । ਨਜ਼ਾਮੁਦੀਨ ਦੇ ਅਰਥ ਹਨ ਧਰਮ ਦੀ ਵਿਵਸਥਾ ਅਤੇ ਇਸ ਸੁਪਨੇ ਦਾ ਅਰਥ ਇਹ ਹੈ ਕਿ ਅਖੀਰ ਅਹਮਦੀਆ ਜਮਾਤ ਇਕ ਦਿਨ ਨਜ਼ਾਮੇ ਦੀਨ (ਧਰਮ ਦੀ ਵਿਵਸਥਾ) ਬਣ ਜਾਵੇਗੀ ਅਤੇ ਦੁਨੀਆ ਦੀਆਂ ਸਾਰੀਆਂ ਵਿਵਸਥਾਵਾਂ ਉਪੱਰ ਵਿਜੇਈ ਹੋਵੇਗੀ । 'ਇੰਸ਼ਾਅਲੱਾਹ' । ਪਰ ਇਹ ਵਿਜੈ ਕਿਸ ਪ੍ਰਕਾਰ ਹੋਵੇਗੀ ਇਸ ਬਾਰੇ ਸੁਪਨੇ ਵਿੱਚ ਆਪ ਜੀ ਫ਼ਰਮਾਉਂਦੇ ਹਨ ਕਿ ਅਸੀਂ ਇਸ ਘਰ ਵਿੱਚ 'ਹਸਨੀ' ਤਰੀਕੇ ਨਾਲ ਦਾਖ਼ਲ ਹੋਵਾਂਗੇ ਕੁਝ 'ਹੁਸੈਨੀ' ਤਰੀਕੇ ਨਾਲ ਦਾਖ਼ਲ ਹੋਵਾਂਗੇ । ਇਹ ਸਾਰੇ ਜਾਣਦੇ ਹਨ ਕਿ ਹਜ਼ਰਤ ਹਸਨ ਰਜ਼ੀ ਅਲੱਾਹ ਅਨਹੁ ਨੇ ਜੋ ਸਫ਼ਲਤਾ ਪ੍ਰਾਪਤ ਕੀਤੀ ਉਹ ਸੁਲਾਹ (ਸੰਧੀ) ਨਾਲ ਪ੍ਰਾਪਤ ਕੀਤੀ ਅਤੇ ਹਜ਼ਰਤ ਹੁਸੈਨ ਰਜ਼ੀ ਅਲੱਾਹ ਅਨਹੁ ਨੇ ਜੋ ਸਫ਼ਲਤਾ ਪ੍ਰਾਪਤ ਕੀਤੀ ਉਹ ਸ਼ਹੀਦੀਆਂ ਨਾਲ ਪ੍ਰਾਪਤ ਕੀਤੀ ।

ਸੋ, ਹਜ਼ਰਤ ਮਸੀਹ ਮੌਊਦ ਅਲਲੈਹਿ ਸਲਾਮ ਨੂੰ ਦੱਸਿਆ ਗਿਆ ਕਿ ਨਜ਼ਾਮੁਦੀਨ ਦੇ ਅਸਥਾਨ ਤੱਕ ਜਮਾਤ ਪਹੁੰਚਗੀ ਤਾਂ ਸਹੀ ਪਰ ਕੁਝ ਸੁਲਾਹ (ਸੰਧੀ) ਪ੍ਰੇਮ ਤੇ ਪਿਆਰ ਨਾਲ ਅਤੇ ਕੁਝ ਸ਼ਹੀਦੀਆਂ ਤੇ ਕੁਰਬਾਨੀਆਂ ਰਾਹੀਂ । ਜੇਕਰ ਸਾਡੇ ਵਿੱਚੋਂ ਕੋਈ ਇਹ ਸਮਝਦਾ ਹੈ ਕਿ ਬਿਨਾ ਸੁਲਾਹ, ਪ੍ਰੇਮ ਤੇ ਪਿਆਰ ਦੇ ਇਹ ਜਮਾਤ ਕਰੱਕੀ ਕਰੇਗੀ ਤਾਂ ਉਹ ਵੀ ਗ਼ਲਤੀ ਕਰਦਾ ਹੈ ਅਤੇ ਜੇਕਰ ਕੋਈ ਵਿਅਕਤੀ ਇਹ ਸਮਝਦਾ ਹੈ ਕਿ ਬਿਨਾ ਕੁਰਬਾਨੀਆਂ ਅਤੇ ਸ਼ਹੀਦੀਆਂ ਦੇ ਇਹ ਜਮਾਤ ਤਰੱਕੀ ਕਰੇਗੀ ਤਾਂ ਉਹ ਵੀ ਗ਼ਲਤੀ ਕਰਦਾ ਹੈ । ਸਾਨੂੰ ਕਦੇ ਸੁਲਾਹ (ਸੰਧੀ) ਤੇ ਅਮਨ ਵੱਲ ਜਾਣਾ ਪਏਗਾ ਅਤੇ ਕਦੇ ਹੁਸੈਨੀ ਢੰਗ ਅਪਨਾਉਂਣਾ ਪਏਗਾ ਜਿਸ ਦੇ ਅਰਥ ਇਹ ਹਨ ਕਿ ਅਸੀਂ ਦੁਸ਼ਮਣ ਸਾਹਮੇ ਮਰ ਜਾਣਾ ਹੈ ਪਰ ਉਸ ਦੀ ਗੱਲ ਨਹੀਂ ਮਨੂੰਣੀ ਅਤੇ ਇਹਨਾਂ ਦੋਹਾਂ ਗਲੱਾਂ ਦਾ ਨਮੂਨਾ ਅੱਜ ਜਮਾਤ ਦੇ ਲੋਕ ਦਿਖਾ ਰਹੇ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਉਸ ਜ਼ਮਾਨੇ ਵਿੱਚ ਜੱਦ ਆਪ ਜੀ ਦੇ ਨਾਲ ਇਕ ਵੀ ਮਨੁੱਖ ਨਹੀਂ ਸੀ ਫ਼ਰਮਾਇਆ ਸੀ ਕਿ ਰੱਬ ਨੇ ਮੈਨੂੰ ਸੂਚਨਾ ਦਿੱਤੀ ਹੈ ਕਿ ਤੁਹਾਡੀ ਜਮਾਤ ਐਨ੍ਹੀ ਤਰੱਕੀ ਕਰਗੇ ਕਿ ਬਾਕੀ ਦੀਆਂ ਜਾਤੀਆਂ ਸੰਸਾਰ ਵਿੱਚ ਇਉਂ ਰਹਿ ਜਾਣਗੀਆਂ ਜਿਵੇਂ ਅੱਜ ਕੱਲ ਪੁਰਾਣੀਆਂ ਖਾਨਾ ਬਦੋਸ਼ ਜਾਤੀਆਂ ਹਨ ।

ਹਜ਼ੂਰ ਨੇ ਫ਼ਰਮਾਇਆ : ਅਸੀਂ ਜੋ ਪ੍ਰਤੀਦਿਨ ਰੱਬ ਦੀ ਪੱਖਤਾ ਨੇ ਨਿਤ ਨਵੇਂ ਦ੍ਰਿਸ਼ ਦੇਖਦੇ ਹਾਂ, ਇੰਸ਼ਾਅਲੱਾਹ ਉਹ ਦਿਨ ਵੀ ਜ਼ਰੂਰ ਆਉਣਗੇ ਜੱਦ ਇਹ ਨਜ਼ਾਰੇ ਵੀ ਦਿਖਾਈ ਦੇਣਗੇ । ਦੂਜੇ ਲੋਕ ਦੂਜੀਆਂ ਜਾਤੀਆਂ ਬਿਨਕੁਲ ਸਾਧਾਰਣ ਸਥਿਤੀ ਵਿੱਚ ਹੋਣਗੀਆਂ ਪਰ ਸਾਨੂੰ ਵੀ ਆਪਨੇ ਅੰਦਰ ਆਪਣੀਆਂ ਨਸਲਾਂ ਦੇ ਅੰਦਰ ਵੀ ਧਰਮ ਦੀ ਰੂਹ (ਆਤਮਾ) ਪਾਉਣ ਦੀ ਲੋੜ ਹੈ ਜਿਸ ਨਾਲ ਰੱਬ ਸਾਨੂੰ ਇਹ ਦ੍ਰਿਸ਼ ਦਿਖਾਏ । ਜਿੱਥੇ ਪਖੱਤਾ ਹੋਵੇ ਉੱਥੇ ਵਿਰੋਧਤਾ ਵੀ ਹੁੰਦੀ ਹੈ ਅਤੇ ਹਮੇਸ਼ਾ ਹੀ ਨਬੀਆਂ ਦੀਆਂ ਜਮਾਤਾਂ ਨਾਲ ਇਸੇ ਪ੍ਰਕਾਰ ਹੁੰਦਾ ਹੈ ਪਰ ਇਹ ਵਿਰੋਧਤਾਵਾਂ ਭੈਭੀਤ ਨਹੀਂ ਕਰਦੀਆਂ ਸਗੋਂ ਈਮਾਨ (ਸ਼ਰਧਾ) ਨੂੰ ਮਜ਼ਬੂਤ ਕਰਦੀਆਂ ਹਨ । ਵਿਸ਼ਵਾਸ ਵਿੱਚ ਵਾਧੇ ਦਾ ਸਬਬ ਬਣਦੀਆਂ ਹਨ । ਫ਼ਰਮਾਇਆ ਕੁਝ ਦਿਨ ਹੋਏ ਰਬੱਵਾ ਵਿੱਚ ਤਹਿਰੀਕੇ ਜਦੀਦ ਦੇ ਦਫ਼ਤਰਾਂ ਤੇ ਜ਼ਯਾਉਲ ਇਸਲਾਮ ਪ੍ਰੈਸ ਉਪੱਰ ਸਰਕਾਰ ਦੇ ਪੁਲਿਸ ਦੇ ਵਿਸ਼ੇਸ਼ ਅਦਾਰੇ ਨੇ ਰੇਡ ਕੀਤੀ ਅਤੇ ਦੋ ਮੁਰੱਬੀਆਂ ਤੇ ਕੁਝ ਵਰਕਰਾਂ ਨੂੰ ਫੜ੍ਹਕੇ ਲੈ ਗਏ । ਇਸ'ਤੇ ਰਬੱਵਾਂ ਵਿੱਚੋਂ ਕੁਝ ਲੋੁਕਾਂ ਨੇ ਮੈਨੂੰ ਪਤੱਰ ਲਿੱਖਿਆ ਜਿੰਨ੍ਹਾ ਵਿੱਚ ਕੁਝ ਇਸਤਰੀਆਂ ਵੀ ਹਨ ਕਿ ਅਸੀਂ ਇਹਨਾਂ ਗੱਲਾਂ ਤੋਂ ਡਰਨ ਵਾਲੇ ਨਹੀਂ ਸਗੋਂ ਸਾਡੇ ਈਮਾਨ (ਵਿਸ਼ਵਾਸ਼) ਪੱਕੇ ਹਨ ਅਤੇ ਹਮੇਸ਼ਾ ਹੁੰਦੇ ਰਹਿਣਗੇ । ਇਹ ਘਟਨਾ ਦੇਖਕੇ ਅਤੇ ਹਰ ਮੁਸਕਲ ਦਾ ਸਾਹਮਣਾ ਕਰਾਂਗੇ ਅਤੇ ਕੁਰਬਾਨੀਆਂ ਦਿਆਂਗੇ । ਹਜ਼ੂਰ ਅਨਵਰ ਨੇ ਫ਼ਰਮਾਇਆ ਇਹੋ ਉਹ ਰੂਹ (ਆਤਮਾ) ਹੈ ਜੋ ਮੋਮਿਨ ਵਿੱਚ ਹੋਣੀ ਚਾਹੀਦੀ ਹੈ। ਇਹੋ ਉਹ ਗਲੱਾਂ ਹਨ ਜਿੰਨ੍ਹਾ ਬਾਰੇ ਹਜ਼ਰਤ ਮਸੀਹ ਮੌਊਦ ਅਲੈਹਿ ਸੁਲਾਮ ਨੇ ਫ਼ਰਮਾਇਆ ਕਿ ਤੁਹਾਨੂੰ ਲੋਕਾਂ ਨੂੰ ਕਰਨੀਆਂ ਪੈਣਗੀਆਂ । ਰੱਬ ਦੇ ਵਾਅਦੇ ਅਤੇ ਅਸੰਖ ਪਖੱਤਾ ਦੇ ਦ੍ਰਿਸ਼ ਅਸੀਂ ਦੇਖਦੇ ਹਾਂ ਨਿਸ਼ਚੇ ਹੀ ਅਖੀਰੀ ਜਿੱਤ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਜਮਾਤ ਦੀ ਹੀ ਹੈ । ਵਿਰੋਧਤਾਵਾਂ ਤਾਂ ਹੁੰਦੀਆਂ ਹਨ ਅਤੇ ਹੋਣਗੀਆਂ । ਰੱਬ ਦੇਸ਼ ਨੂੰ ਇਹਨਾ

ਮੌਲਵੀਆਂ ਤੋਂ ਬਰਾਏ ਜੋ ਵਾਸਤਵਿਕ ਟੈਰੋਰਿਸਟ ਹਨ । ਜਿੰਨ੍ਹਾ ਨੇ ਦੇਸ਼ ਵਿੱਚ ਆਤੰਕ ਫੈਲਾਇਆ ਹੋਇਆ ਹੈ ਅਤੇ ਕੋਈ ਵੀ ਇਹਨਾਂ ਲੋਕਾਂ ਤੋਂ ਸੁਰੱਖਿਅਤ ਨਹੀਂ ਹੈ । ਬਾਕੀ ਜਿੱਥੋਂ ਤੱਕ ਕੁਰਬਾਨੀਆਂ ਹਨ ਉਹ ਅਹਮਦੀ ਦਿੰਦੇ ਹਨ ਦਿੰਦੇ ਰਹਿਣਗੇ ਅਤੇ ਇਹਨਾ ਕੁਰਬਾਨੀਆਂ ਨੂੰ ਰੱਬ ਛੇਤੀ ਹੀ ਫਲ ਲਾਵੇਗਾ । ਇੰਸ਼ਾਅਲੱਾਹ ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅਲਜੀਰੀਯਾ ਵਿੱਚ ਵੀ ਹੁਕੂਮਤ ਵੱਲੋਂ ਅਹਮਦੀਆਂ ਉਪੱਰ ਬਹੁਤ ਜ਼ੁਲਮ ਹੋ ਰਿਹਾ ਹੈ । ਰੱਬ ਉਹਨਾਂ ਨੂੰ ਵੀ ਸੁਰੱਖਿਅਤ ਰੱਖੇ ਅਤੇ ਉਨਹਾਂ ਨੂੰ ਵੀ ਦ੍ਰਿੜ੍ਹ ਸੰਕਲਪ ਬਣਾਏ । ਓਥੋਂ ਦੀ ਸਰਕਾਰ ਨੂੰ ਅਕਲ ਦੇਵੇ ਕਿ ਉਹ ਵੀ ਅਹਮਦੀਅਤ ਦੀ ਹਕੀਕਤ ਨੂੰ ਸਮਝਣ ਵਾਲੇ ਹੋਣ ਜੋ ਸ਼ਾਂਤੀ ਪੂਰਨ ਤੇ ਕਾਨੂਨ ਦੇ ਪਾਬੰਦ ਹਨ ਆਰੋਪ ਲਾਇਆ ਜਾਂਦਾ ਹੈ ਕਿ ਅਹਮਦੀ ਹੁਕੂਮਤ ਵਿਰੁਧ ਸਾਜ਼ਸ਼ ਕਰ ਰਹੇ ਹਨ ਜਾਂ ਫ਼ਸਾਦ ਪੈਦਾ ਕਰਨਾ ਚਾਹੁੰਦੇ ਹਨ ਜੱਦ ਕਿ ਦੁਨੀਆ ਵਿੱਚ ਕਿਸੇ ਵੀ ਥਾਂ ਕੋਈ ਵੀ ਅਹਮਦੀ ਕਦੇ ਵੀ ਦੇਸ਼ ਦੇ ਕਾਨੂਨਾ ਨਾਲ ਲੜਨ ਵਾਲਾ ਨਹੀਂ ਅਤੇ ਹੁਕੂਮਤ ਨਾਲ ਲੜਨ ਵਾਲਾ ਨਹੀਂ ਸਗੋਂ ਅਸੀਂ ਤਾਂ ਅਮਨ, ਸ਼ਾਂਤੀ, ਪ੍ਰੇਮ ਤੇ ਪਿਆਰ ਫੈਲਾਉਣ ਵਾਲੇ ਹਨ, ਇਸ ਖ਼ਾਤਰ ਕੁਰਬਾਨੀਆਂ ਵੀ ਦੇਣੀਆਂ ਪੈਣਗੀਆਂ ਤਾਂ ਦਿਆਂਗੇ । ਇੰਸ਼ਾਅਲੱਾਹ ।

ਹਜ਼ੂਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਰਿਸ਼ਤੇਦਾਰਾਂ ਵੱਲੋਂ ਹੋਣ ਵਾਲੀ ਵਿਰੋਧਤਾ ਦਾ ਵਰਨਣ ਕਰਦਿਆਂ ਹੋਇਆਂ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਦੱਸਿਆ ਗਿਆ ਕਿ ਤੇਰੇ ਬਿਨਾ ਇਸ ਖ਼ਾਨਦਾਨ ਦੀਆਂ ਨਸਲਾਂ ਮੁੱਕ ਜਾਣਗੀਆਂ, ਵਿਰੋਧਤਾਵਾਂ ਹੋਈਆਂ ਸਭ ਕੁਝ ਹੋਇਆ ਪਰ ਰੱਬ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੂੰ ਤਸੱਲੀ ਦਿੱਤੀ ਅਤੇ ਫ਼ਰਮਾਇਆ ਕਿ ਨਸਲ ਜੋ ਹੈ ਤੇਰੇ ਤੋਂ ਅਰੰਭ ਹੋਵੇਗੀ ਅਤੇ ਬਾਕੀ ਸਾਰੇ ਮੁੱਕ ਜਾਣਗੇ, ਸੋ, ਇਸੇ ਪ੍ਰਕਾਰ ਹੋਇਆ । ਹੁਣ ਇਸ ਖ਼ਾਨਦਾਨ ਵਿੱਚ ਉਹੋ ਲੋਕ ਬਾਕੀ ਹਨ ਜੋ ਜਮਾਤ ਅਹਮਦੀਆ ਵਿੱਚ ਦਾਖ਼ਲ ਹੋ ਗਏ ਅਤੇ ਬਾਕੀ ਸਾਰੀਆਂ ਨਸਲਾਂ ਖ਼ਤਮ ਹੋ ਗਈਆਂ । ਜਿਸ ਸਮੇਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਹ ਦਾਅਵਾ ਕੀਤਾ ਉਸ ਸਮੇਂ ਇਸ ਖ਼ਾਨਦਾਨ ਵਿੱਚ ਸਤੱਰ ਦੇ ਲਗਭਗ ਪੁਰੁਸ਼ ਸਨ ਪਰ ਹੁਣ ਸਿਵਾਏ ਉਹਨਾਂ ਦੇ ਜੋ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸ਼ਰੀਰਕ ਤੇ ਰੂਹਾਨੀ ਸੰਤਾਨ ਹਨ ਉਹਨਾਂ ਸਤੱਰਾਂ ਵਿੱਚੋਂ ਇਕ ਵੀ ਨਹੀਂ ਰਿਹਾ । ਜੱਦ ਕਿ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਨਾਂ ਮਿਟਾਉਣ ਲਈ ਜਿੰਨ੍ਹਾ ਹੋ ਸਕਿਆ ਪੂਰਾ ਜਤਨ ਕੀਤਾ ਅਤੇ ਆਪਣੇ ਵੱਲੋਂ ਪੂਰਾ ਜ਼ੋਰ ਲਾਇਆ ਪਰ ਸਿੱਟਾ ਕੀ ਹੋਇਆ ਇਹੋ ਕਿ ਉਹ ਆਪ ਮਿੱਟ ਗਏ ਅਤੇ ਉਹਨਾਂ ਦੀਆਂ ਨਸਲਾਂ ਵੀ ਮੁੱਕ ਗਈਆਂ । ਇਹ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸਚੱਾਈ ਦਾ ਇਕ ਮਹਾਨ ਨਿਸ਼ਾਨ (ਚਮਤਕਾਰ) ਹੈ ।

ਫਿਰ ਤਾਈ ਸਾਹਿਬਾ ਦੀ ਬੈਅਤ ਦੀ ਘਟਨਾਂ ਵਰਨਣ ਕਰਦਿਆਂ ਹੋਇਆਂ ਆਪ ਫ਼ਰਮਾਉਂਦੇ ਹਨ ਕਿ ਕਈ ਭਵਿੱਖਬਾਣੀਆਂ ਅਤੇ ਚਮਤਕਾਰ ਵੇਖਣ ਨੂੰ ਭਾਵੇਂ ਛੋਟੇ ਹਨ ਪਰ ਉਹਨਾਂ ਦੇ ਬਿਬਰਣ ਉਪੱਰ ਗ਼ੌਰ ਕਰਨ ਵਾਲਿਆਂ ਲਈ ਓਹਨਾਂ ਵਿੱਚ ਕਈ ਅਜਿਹੀਆਂ ਗੱਲਾਂ ਹੁੰਦੀਆਂ ਹਨ ਜਿੰਨ੍ਹਾਂ ਤੋਂ ਇਮਾਨ ਵਿੱਚ ਵਾਧਾ ਹੁੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਇਕ ਇਲਹਾਮ ਹੈ ''ਤਾਈ ਆਈ'' ਇਹ ਤਾਈ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੀ ਤਾਈ ਸਨ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵੱਡੇ ਭਾਈ ਦੀ ਪਤਨੀ । ਇਹਨਾਂ ਸ਼ਬਦਾਂ ਤੋਂ ਇਹ ਭਾਵ ਸੀ ਕਿ ਆਪ ਉਸ ਸਮੇਂ ਬੈਅਤ ਕਰਨਗੀ ਜਿਸ ਸਮੇਂ ਬੈਅਤ ਲੈਣ ਵਾਲੇ ਦਾ ਉਹਨਾਂ ਨਾਲ ਤਾਈ ਦਾ ਸੰਬੰਧ ਹੋਵੇਗਾ । ਜੇਕਰ ਉਹਨਾਂ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਕਰਨੀ ਹੁੰਦੀ ਤਾਂ ਇਲਹਾਮ ਦੇ ਇਹ ਸ਼ਬਦ ਹੁੰਦੇ ਭਰਜਾਈ ਆਈ । ਜੇਕਰ ਹਜ਼ਰਤ ਖ਼ਲੀਫ਼ਾ ਅਵੱਲ ਦੇ ਦੌਰ ਵਿੱਚ ਬੈਅਤ ਹੁੰਦੀ ਤਾਂ ਇਹ ਹੋਣਾ ਚਾਹੀਦਾ ਸੀ ਕਿ ਮਸੀਹ ਮੌਊਦ ਦੇ ਪਰਿਵਾਰ ਦੀ ਇਕ ਇਸਤਰੀ ਆਈ । ਪਰ ਤਾਈ ਦਾ ਸ਼ਬਦ ਪ੍ਰਕਟ ਕਰਦਾ ਹੈ ਕਿ ਹਜ਼ਰਤ ਮਸੀਰਹ ਮੌਊਦ ਅਲੈਹਿ ਸਲਾਮ ਦਾ ਲੜਕਾ ਜੱਦ ਆਪਦਾ ਖ਼ਲੀਫ਼ਾ (ਉਤੱਰਾਧਿਕਾਰੀ) ਹੋਵੇਗਾ ਤਾਂ ਉਸ ਦੇ ਹੱਥ'ਤੇ ਬੈਅਤ ਕਰਨਗੀ ਕਿਉਕਿ ਜੇਕਰ ਆਪ ਦੀ ਸੰਤਾਨ

ਵਿੱਚੋਂ ਕਿਸੇ ਦੇ ਖ਼ਲੀਫ਼ਾ ਨਹੀਂ ਹੋਣਾ ਸੀ ਤਾਂ ਤਾਈ ਦਾ ਸ਼ਬਦ ਵਿਅਰਥ ਸੀ । ਆਪ ਫ਼ਰਮਾਉਂਦੇ ਹਨ ਕਿ ਇਸ ਇਲਹਾਮ ਵਿੱਚ ਵਾਸਤਵ ਵਿੱਚ ਤਿੰਨ ਭਵਿੱਖਬਾਣੀਆਂ ਹਨ ਪਹਿਲੀ ਇਹ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੰਤਾਂਨ ਵਿੱਚੋਂ ਖ਼ਲੀਫ਼ਾ ਹੋਵੇਗਾ । ਦੂਜਾ ਇਹ ਕਿ ਉਸ ਸਮੇਂ ਤਾਈ ਸਾਹਿਬਾ ਜਮਾਤ ਵਿੱਚ ਸ਼ਾਮਲ ਹੋਣਗੀ । ਤੀਜੇ ਤਾਈ ਸਾਹਿਬਾ ਦੀ ਉਮਰ ਬਾਰੇ ਭਵਿੱਖਬਾਣੀ ਸੀ ਅਤੇ ਉਹ ਇਸ ਪ੍ਰਕਾਰ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਜਿੰਨ੍ਹਾਂ ਦੀ ਆਪਣੀ ਉਮਰ ਉਸ ਸਮੇਂ ਸਤੱਰ ਸਾਲ ਦੇ ਲਗਭਗ ਸੀ ਇਕ ਅਜਿਹੀ ਇਸਤਰੀ ਬਾਰੇ ਭਵਿੱਖਬਾਣੀ ਕਰਦੇ ਹਨ ਜੋ ਉਸ ਸਮੇਂ ਵੀ ਓਹਨਾਂ ਤੋਂ ਵੱਡੀ ਸੀ ਕਿ ਉਹ ਜੀਉਂਦੇ ਰਹਿਣਗੀ ਅਤੇ ਆਪ ਦੀ ਸੰਤਾਂਨ ਵਿੱਚੋਂ ਖ਼ਲੀਫ਼ਾ ਹੋਵੇਗਾ ਜਿਸ ਦੀ ਬੈਅਤ ਵਿੱਚ ਸ਼ਾਮਲ ਹੋਣਗੀ । ਐਨ੍ਹੀ ਲੰਮੀ ਉਮਰ ਦਾ ਮਿਲਣਾ ਬਹੁਤ ਵੱਡੀ ਗੱਲ ਹੈ । ਮਨੁੱਖੀ ਦਿਮਾਗ ਕਿਸੇ ਜਵਾਨ ਵਿਅਕਤੀ ਬਾਰੇ ਵੀ ਨਹੀਂ ਕਹਿ ਸਕਦਾ ਕਿ ਫਲਾਣੇ ਸਮੇਂ ਤੱਕ ਜੀਉਂਦਾ ਰਹੇਗਾ । ਇਹ ਤਾਈ ਫੌਤ ਹੋਈ ਲਗਭਗ 1927ਈ. ਵਿੱਚ । ਕੁਜਾ ਕਿਸੇ ਬੁੱਢੇ ਬਾਰੇ ਕਿਹਾ ਜਾਵੇ । ਸੋ, ਇਹ ਇਕ ਬਹੁਤ ਵਡੱਾ ਨਿਸ਼ਾਨ ਹੈ, ਸੰਭਵਤਾ ਉਹਨਾਂ ਦਾ ਬੈਅਤ ਕਰਨਾ ਅਤੇ ਮੇਰੇ ਸਮੇਂ ਵਿੱਚ ਕਰਨਾ ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪੁਤੱਰਾਂ ਵਿੱਚੋਂ ਖ਼ਲੀਫ਼ਾ ਹੋਣਾ ਕਈ ਇਕ ਭਵਿੱਖਬਾਣੀਆਂ ਹਨ ਜੋ ਇਹਨਾਂ ਦੋ ਸ਼ਬਦਾਂ ਵਿੱਚ ਵਰਨਣ ਹੋਈਆਂ ਹਨ । ਫਿਰ ਆਪ ਫ਼ਰਮਾਉਂਦੇ ਹਨ ਕਿ ਜੱਦ ਤਾਈ ਅਹਮਦੀ ਹੋਈ ਇਸ ਦੇ ਬਾਦ ਉਹਨਾਂ ਨੇ ਵਸੀਯਤ  ਵੀ ਕੀਤੀ । ਆਪ ਵੀ ਬਹਿਸ਼ਤੀ ਮਕਬਰਾਹ ਵਿੱਚ ਦਫ਼ਨ ਹੋਈਂ ।

ਫਿਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਿੱਲੀ ਦੇ ਸਫ਼ਰ ਦੀ ਗੱਲ ਵਰਨਣ ਕਰਦਿਆਂ ਹੋਇਆਂ ਹਜ਼ਰਤ ਮੁਸਲਿਹ ਮੌਊਦ ਇਕ ਥਾਂ ਫ਼ਰਮਾਉਂਦੇ ਹਨ ਕਿ ਮੈਂ ਬਹੁਤ ਛੋਟਾ ਸੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਿੱਲੀ ਗਏ । ਆਪ ਏਥੋਂ ਦੇ ਓਲੀਆਉਲੱਾਹ ਦੇ ਮਿਜ਼ਾਰਾਂ ਉਪੱਰ ਗਏ ਅਤੇ ਬਹੁਤ ਦੇਰ ਤੱਕ ਲੰਮੀਆਂ ਦੁਆਵਾਂ ਕੀਤੀਆਂ ਅਤੇ ਫ਼ਰਮਾਇਆ ਮੈਂ ਇਸ ਲਈ ਦੁਆ ਕਰਦਾ ਹਾਂ ਕਿ ਇਹਨਾਂ ਬਜ਼ੁਰਗਾਂ ਦੀਆਂ ਰੂਹਾਂ (ਆਤਮਾਵਾਂ) ਜੋਸ਼ ਵਿੱਚ ਆਉਣ ਤਾਂ ਜੋ ਅਜਿਹਾ ਨ ਹੋਵੇ ਕਿ ਇਹਨਾਂ ਲੋਕਾਂ ਦੀਆਂ ਨਸਲਾਂ ਨੂਰ ਦੀ ਸ਼ਨਾਖ਼ਤ ਤੋਂ ਮਹਿਰੂਮ ਰਹਿ ਜਾਣ ਜੋ ਇਸ ਜੁੱਗ ਵਿੱਚ ਰੱਬ ਨੇ ਉਹਨਾਂ ਦੇ ਸੁਮਾਰਗ ਲਈ ਰੱਬ ਨੇ ਭੇਜਿਆ ਹੈ ਅਤੇ ਫਰਮਾਇਆ ਕਿ ਨਿਸ਼ਚੇ ਹੀ ਇਕ ਦਿਨ ਅਜਿਹਾ ਆਵੇਗਾ ਕਿ ਰੱਬ ਇਹਨਾਂ ਦੇ ਦਿਲ ਖੋਲ ਦੇਵੇਗਾ ਅਤੇ ਉਹ ਹੱਕ (ਸਚੱਾਈ) ਨੂੰ ਕੁਬੂਲ ਕਰ ਲੈਂਣਗੇ । ਫ਼ਰਮਾਉਂਦੇ ਹਨ ਕਿ ਭਾਵੇਂ ਮੈਂ ਉਸ ਸਮੇਂ ਛੋਟਾ ਸੀ ਪਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਇਸ ਕਥਨ ਦਾ ਪ੍ਰਭਾਵ ਹੁਣ ਤੱਕ ਮੇਰੇ ਮਨ ਵਿੱਚ ਬਾਕੀ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਅੱਜ ਵੀ ਦਿੱਲੀ ਜਮਾਤ ਦਾ ਫ਼ਰਜ਼ ਹੈ ਕਿ ਦਾਨਾਈ ਨਾਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸੰਦੇਸ਼ ਨੂੰ ਪਹੁੰਚਾਉਣ । ਹੁਣ ਮਾਸ਼ਾਅਲੱਾਹ, ਨੁਮਾਇਸ਼ਾਂ ਆਦਿ ਰਾਹੀਂ ਪ੍ਰਚਾਰ ਵਿੱਚ ਵਾਹਵਾ ਤੇਜ਼ੀ ਆਈ ਹੈ ਪਰ ਮੁਸਲਮਾਨਾਂ ਵੱਲੋਂ ਵਿਰੋਧਤਾ ਵੀ ਹੈ । ਇਸ ਲਈ ਉਹਨਾਂ ਵਿੱਚ ਵੀ ਇਹ ਸੰਦੇਸ਼ ਪਹੁੰਚਾਉਣ ਦੀ ਬਹੁਤ ਜ਼ਰੂਰਤ ਹੈ ਅਤੇ ਇਹਨਾਂ ਸਾਰੀਆਂ ਗਲੱਾਂ ਦੇ ਨਾਲ ਨਾਲ ਸਭ ਤੋਂ ਮਹਤੱਵ ਪੂਰਨ ਗੱਲ ਜੋ ਹੈ, ਉਹ ਦੁਆ ਹੈ, ਇਸ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਕਸ਼ਫ਼ (ਦਿਵ ਦ੍ਰਿਸ਼, ਸਵਪਨ) ਵਿੱਚ ਦੇਖਿਆ ਕਿ ਇਕ ਨਾਲੀ ਬਹੁਤ ਲੰਮੀ ਪੁੱਟੀ ਹੋਈ ਹੈ ਅਤੇ ਉਸ ਦੇ ਉਪੱਰ ਭੇਡਾਂ ਲਿਟਾਈਆਂ ਹੋਈਆਂ ਹਨ ਅਤੇ ਹਰ ਇਕ ਭੇਡ ਦੇ ਸਿਰ'ਤੇ ਇਕ ਕਸਾਈ ਹੱਥ ਵਿੱਚ ਛੁਰੀ ਲਈ ਤਿਆਰ ਖੜਾ ਹੈ ਅਤੇ ਆਕਾਸ਼ ਵੱਲ ਦ੍ਰਿਸ਼ਟੀ ਟਿਕਾਈ ਹੈ ਜਿਵੇਂ ਆਦੇਸ਼ ਦੀ ਉਡੀਕ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਮੈਂ ਉਸ ਸਮੇਂ ਇਕ ਥਾਂ'ਤੇ ਟਹਿਲ ਰਿਹਾ ਹਾਂ । ਉਨਹਾਂ ਦੇ ਨੇੜੇ ਜਾਕੇ ਮੈਂ ਕਿਹਾ (قل ما يعبؤا بكم ربي لولا دعاؤكم) ਕੁਲ ਮਾ ਯਾਬਾਉ ਬਿਕੁਮ ਰੱਬੀ ਲੌਲਾ ਦੁਆਉਕੁਮ

ਫਿਰ ਉਹਨਾਂ ਨੇ ਉਸੇ ਸਮੇਂ ਛੁਰੀਆਂ ਫ਼ੇਰ ਦਿੱਤੀਆਂ ਜੱਦ ਉਹ ਭੇਡਾਂ ਤੜਪਦੀਆਂ ਸਨ ਤਾਂ ਛੁਰੀ ਫੇਰਨ ਵਾਲਿਆਂ ਨੇ ਕਿਹਾ ਤੁਸੀਂ ਚੀਜ਼ ਕੀ ਹੋ, ਗੂੰ ਖਾਣ ਵਾਲੀਆਂ ਭੇਡਾਂ ਹੀ ਹੋ । ਇਹਨਾਂ ਦਿਨਾਂ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਇਹਨਾਂ ਦਿਨਾਂ ਵਿੱਚ ਸਤੱਰ ਹਜ਼ਾਰ ਲੋਕ ਹੈਜ਼ੇ ਕਰਕੇ ਮਰ ਗਏ ਸਨ । ਸੋ, ਜੇਕਰ ਕੋਈ ਧਿਆਨ ਨਹੀਂ ਦਿੰਦਾ ਤਾਂ ਰੱਬ ਨੂੰ ਉਸ ਦੀ ਕੀ ਪਰਵਾਹ ਹੈ, ਉਸ ਦੇ ਕੰਮ ਰੁਕ ਨਹੀਂ ਸਕਦੇ, ਉਹ ਹੋਕੇ ਰਹਿਣਗੇ । ਆਪ ਨੇ ਫ਼ਰਮਾਇਆ ਕਿ ਹਜ਼ਰਤ ਮਸੀਹ ਨਾਸਰੀ (ਹਜ਼ਰਤ ਈਸਾ ਅਲੈਹਿ ਸਲਾਮ) ਦੇ ਤਿੰਨ ਸੌ ਸਾਲ ਬਾਦ ਈਸਾਈਅਤ ਨੂੰ ਤਰੱਕੀ ਨਸੀਬ ਹੋਈ ਸੀ, ਪਰ ਸਾਡੀ ਅਵਸਥਾ ਨੂੰ ਦੇਖਿਆ ਜਾਵੇ ਤਾਂ ਪਤਾ ਲਗੱਦਾ ਹੈ ਕਿ ਹਜ਼ਰਤ ਮਸੀਹ ਨਾਸਰੀ ਦੇ ਜੁੱਗ ਤੋਂ ਬਹੁਤ ਪਹਿਲਾਂ ਇੰਸ਼ਾਅਲੱਾਹ ਅਹਮਦੀਅਤ ਨੂੰ ਤਰੱਕੀ ਪ੍ਰਾਪਤ ਹੋ ਜਾਵੇਗੀ । ਪਾਕਿਸਤਾਨੀ ਮੌਲਵੀ ਹੋਣ ਜਾਂ ਕੋਈ ਧਾਰਮਕ ਲੀਡਰ ਹੋਣ ਜਾਂ ਸੰਸਾਰਕ ਸ਼ਕਤੀਆਂ ਹੋਣ ਰੱਬ ਨੇੜੇ ਉਹਨਾਂ ਦਾ ਕੋਈ ਦਰਜਾ ਨਹੀਂ ਹੈ ਉਹ ਭੇਡਾਂ ਵਰਗੇ ਲੋਕ ਹਨ ਅਤੇ ਇਹ ਲੋਕ ਕਦੇ ਵੀ ਅਹਮਦੀਅਤ ਦੀ ਤਰੱਕੀ ਵਿੱਚ ਰੋਕ ਨਹੀਂ ਬਣ ਸਕਦੇ, ਪਰ ਇਸ ਕੰਮ ਲਈ ਅਸੀਂ ਕੇਵਲ ਆਪਣੇ ਮੁਬਲੱਗਾਂ ਉਪੱਰ ਨਿਰਭਰ ਨਹੀਂ ਹੋ ਸਕਦੇ ਕਿ ਓਹ ਪ੍ਰਚਾਰ ਕਰਨ ਅਤੇ ਅਹਮਦੀਅਤ ਨੂੰ ਫੈਲਾਉਣ ਜੇਕਰ ਇਸ ਦੀ ਤਰੱਕੀ ਦਾ ਹਿਸੱਾ ਬਨਣਾ ਹੈ ਅਤੇ ਸਾਨੂੰ ਬਨਣਾ ਚਾਹੀਦਾ ਹੈ ਤਾਂ ਸਾਨੂੰ ਵੀ ਆਪਣੀਆਂ ਦੁਆਵਾਂ ਵੱਲ ਬਹੁਤ ਧਿਆਨ ਦੇਣ ਦੀ ਲੋੜ ਹੈ ਆਪਣੀ ਰੂਹਾਨੀ (ਆਤਮਕ) ਸ਼ਕਤੀ ਨੂੰ ਵਧਾਉਣਾ ਹੋਵੇਗਾ । ਰੱਬ ਨਾਲ ਸੰਬੰਧਾਂ ਨੂੰ ਵਧਾਉਂਣਾ ਹੋਵੇਗਾ । ਇਹੋ ਉਹ ਚੀਜ਼ਾਂ ਹਨ ਜੋ ਅਹਮਦੀਅਤ ਦੀ ਵਿਰੋਧਤਾ ਨੂੰ ਖ਼ਤਮ ਕਰਨਗੀਆਂ ਅਤੇ ਅਹਮਦੀਅਤ ਦੀ ਤਰੱਕੀ ਵਿੱਚ ਵੀ ਸਾਨੂੰ ਇੰਸ਼ਾਅਲੱਾਹ ਭਾਗੀਦਾਰ ਬਨਾਉਣ ਵਾਲੀਆਂ ਹੋਣਗੀਆਂ । ਅਲੱਾਹੰ ਤਆਲਾ ਸਾਨੂੰ ਇਹ ਅਸਥਾਨ ਪ੍ਰਦਾਨ ਕਰੇ ।

ਜੁਮਏ ਦੇ ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਨਮਾਜ਼ ਦੇ ਬਾਦ ਇਕ ਜਨਾਜ਼ਾਹ ਗ਼ੈਬ ਵੀ ਪੜ੍ਹਾਵਾਂਗਾ ਜੋ ਮੁਕਰੱਮ ਸੋਫ਼ਨੀ ਜ਼ਫ਼ਰ ਅਹਮਦ ਸਾਹਬ ਮੁਬਲੱਗ਼ ਇੰਡੋਨੇਸ਼ੀਆ ਦਾ ਹੈ । 8 ਨਵੰਬਰ ਨੂੰ ਹਾਰਟ ਅਟੈਕ ਨਾਲ ਇਹਨਾਂ ਦੀ ਮੌਤ ਹੋ ਗਈ । ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ, إِنَّا لِلّٰهِ وَإِنَّا إِلَيْهِ رَاجِعُونَ । ਹਜ਼ੂਰ ਨੇ ਇਹਨਾਂ ਦਾ ਬਿਬਰਨ ਤੇ ਸਦਗੁਣਾ ਨੂੰ ਵਰਨਣ ਕੀਤਾ ।

**Khulasa Khutba Jumma 09.12.2016**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131